# ਸੇਵਾ ਦੇ ਅਧਿਕਾਰ ਆਰਡੀਨੈਂਸ 2011 ਸਬੰਧੀ ਸਪੱਸ਼ਟੀਕਰਨ।

ਪੰਜਾਬ ਸਰਕਾਰ ਵਲੋਂ " ਪੰਜਾਬ ਸੇਵਾ ਦਾ ਅਧਿਕਾਰ ਆਰਡੀਨੈਂਸ 2011" ਜਾਰੀ ਕੀਤਾ ਗਿਆ ਹੈ। ਇਹ ਆਰਡੀਨੈਂਸ ਵੱਖ-ਵੱਖ ਅਥਾਰਟੀਆਂ ਵਲੋਂ ਨਾਗਰਿਕਾਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਸੇਵਾਵਾਂ ਉਪਲਬਧ ਕਰਾਉਣ ਲਈ ਸਰਕਾਰ ਨੂੰ ਸਮਾਂ-ਸੀਮਾ ਨਿਰਧਾਰਤ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਨ ਦੀ ਸਮਰੱਥਾ ਦਿੰਦਾ ਹੈ ਅਤੇ ਜਿਥੇ ਕਿਤੇ ਸੇਵਾ ਉਪਲਬਧ ਕਰਵਾਉਣ ਵਿੱਚ ਨਿਰਧਾਰਤ ਸਮਾਂ-ਸੀਮਾ ਦਾ ਖਿਆਲ ਰੱਖਿਆ ਨਹੀਂ ਜਾਂਦਾ ਹੈ ਤਾਂ ਅਜਿਹੀ ਸਥਿਤੀ ਦਾ ਉਪਾਅ ਕਰਨ ਲਈ ਇੱਕ ਸਿਸਟਮ ਵੀ ਆਰਡੀਨੈਂਸ ਵਿੱਚ ਅਪਣਾਇਆ ਗਿਆ ਹੈ।

ਇਸ ਆਰਡੀਨੈਂਸ ਦੇ ਸਬੰਧ ਵਿੱਚ ਆਮ ਜਨਤਾ ਦੇ ਮਨ ਵਿੱਚ ਕੁਝ ਸਵਾਲ ਪੈਦਾ ਹੋ ਸਕਦੇ ਹਨ ਅਤੇ ਅਜਿਹੇ ਸੰਭਾਵਿਤ ਸਵਾਲਾਂ ਦਾ ਉਤਰ ਹੇਠ ਲਿਖੇ ਅਨੁਸਾਰ ਹੈ:-

ਪ੍ਰਸ਼ਨ ਨੰ: 1 ਅਜਿਹੀਆਂ ਕਿਹੜੀਆਂ-ਕਿਹੜੀਆਂ ਸੇਵਾਵਾਂ ਹਨ, ਜਿਹਨਾਂ ਲਈ ਇਹ ਸਮਾਂ-ਸੀਮਾ ਨਿਰਧਾਰਤ ਕੀਤੀ ਗਈ ਹੈ ?

ਉੱਤਰ ਅਜਿਹੀਆਂ ਸੇਵਾਵਾਂ ਅਤੇ ਸਮਾਂ-ਸੀਮਾ ਦੇ ਵੇਰਵੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਨੰ: 1/22/2011-ਪੀ.ਜੀ.ਆਰ.ਸੀ/757 ਮਿਤੀ 28 ਜੁਲਾਈ 2011 ਵਿੱਚ ਦਰਜ ਕੀਤੇ ਹਨ। ਇਸ ਨੋਟੀਫਿਕੇਸ਼ਨ ਦੀ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ।

ਪ੍ਰਸ਼ਨ ਨੰ: 2 ਇਹ ਸੇਵਾ ਕਿਸ ਵੱਲੋਂ ਉਪਲਬਧ ਕਰਵਾਈ ਜਾਣੀ ਹੈ?

ਉੱਤਰ ਇਹ ਸੇਵਾ ਨੱਥੀ ਨੋਟੀਫਿਕੇਸ਼ਨ ਵਿੱਚ ਵਰਣਨ ਕੀਤੀਆਂ ਵੱਖ-ਵੱਖ ਨਾਮਜ਼ਦ ਅਥਾਰਟੀਆਂ/ਅਧਿਕਾਰੀਆਂ ਦੁਆਰਾ ਉਪਲਬਧ ਕਰਵਾਈਆਂ ਜ਼ਾਣੀਆਂ ਹਨ।

ਪ੍ਰਸ਼ਨ ਨੰ: 3 ਜੇਕਰ ਕੋਈ ਸੇਵਾ ਉਪਲਬਧ ਕਰਾਉਣ ਤੋਂ ਇਨਕਾਰ ਕਰਦਾ ਹੈ ਜਾਂ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਉਪਲਬਧ ਨਹੀਂ ਕਰਵਾਈ ਜਾਂਦੀ ਤਾਂ ਇਸ ਦਾ ਕੀ ਉਪਾਅ ਹੈ?

ਉੱਤਰ ਅਜਿਹੀ ਸੂਰਤ ਵਿੱਚ ਤੁਸੀਂ ਨੋਟੀਫਿਕੇਸ਼ਨ ਵਿੱਚ ਨਿਰਧਾਰਤ ਪਹਿਲੀ ਐਪੀਲੇਟ ਅਥਾਰਟੀ ਦੇ ਸਨਮੁੱਖ ਅਪੀਲ ਕਰ ਸਕਦੇ ਹੋ।

ਪ੍ਰਸ਼ਨ ਨੰ: 4 ਮੈਂ ਅਪੀਲ ਕਿਵੇਂ ਦਾਇਰ ਕਰਾਂ?

ਉੱਤਰ ਤੁਸੀਂ ਇਨ੍ਹਾਂ ਹਦਾਇਤਾਂ ਨਾਲ ਨੱਥੀ ਪ੍ਰੋਫਾਰਮੇ ਵਿੱਚ ਸਾਦੇ ਕਾਗਜ਼ ਤੇ ਅਪੀਲ ਦਾਇਰ ਕਰ ਸਕਦੇ ਹੋ।

ਪ੍ਰਸ਼ਨ ਨੰ: 5 ਕੀ ਅਪੀਲ ਦਾਇਰ ਕਰਨ ਲਈ ਕੋਈ ਫੀਸ ਨਿਰਧਾਰਤ ਕੀਤੀ ਗਈ ਹੈ?

ਉੱਤਰ ਨਹੀਂ, ਅਪੀਲ ਦਾਇਰ ਕਰਨ ਲਈ ਕੋਈ ਫੀਸ ਨਹੀਂ ਹੈ।

ਪ੍ਰਸ਼ਨ ਨੰ: 6 ਜੇਕਰ ਮੈਂ ਪਹਿਲੀ ਐਪੀਲੇਟ ਅਥਾਰਟੀ ਦੇ ਫ਼ੈਸਲੇ ਨਾਲ ਸੰਤੁਸ਼ਟ ਨਾਂ ਹੋਵਾਂ ਤਾਂ ਕੀ ਉਪਾਅ ਹੋਵੇਗਾ?

ਉੱਤਰ ਅਜਿਹੀ ਸੂਰਤ ਵਿੱਚ ਤੁਸੀਂ ਦੂਜੀ ਐਪੀਲੇਟ ਅਥਾਰਟੀ ਦੇ ਸਨਮੁੱਖ ਦੂਜੀ ਵਾਰ ਅਪੀਲ ਕਰ ਸਕਦੇ ਹੋ। ਫਿਰ ਵੀ ਜੇਕਰ ਤੁਸੀਂ ਦੂਜੀ ਐਪੀਲੇਟ ਅਥਾਰਟੀ ਦੇ ਹੁਕਮਾਂ ਨਾਲ ਸੰਤੁਸ਼ਟ ਨਾ ਹੋਵੇ ਤਾਂ ਪੰਜਾਬ ਰਾਈਟ ਟੂ ਸਰਵਿਸ ਕਮਿਸ਼ਨਰ ਚੰਡੀਗੜ੍ਹ ਦੇ ਸਨਮੁੱਖ ਰਵੀਜ਼ਨ ਪਟੀਸ਼ਨ ਦਾਇਰ ਕਰ ਸਕਦੇ ਹੋ।

ਪ੍ਰਸ਼ਨ ਨੰ: 7 ਕੀ ਕਮਿਸ਼ਨ ਦੀ ਸਥਾਪਨਾ ਹੋ ਗਈ ਹੈ? ਜੇਕਰ ਨਹੀਂ ਤਾਂ ਮੈਂ ਆਪਣੀ ਸ਼ਿਕਾਇਤ ਦੇ ਨਿਵਾਰਨ ਲਈ ਕਿਥੇ ਜਾਵਾਂ?

ਉੱਤਰ ਕਮਿਸ਼ਨ ਦੀ ਸਥਾਪਨਾ ਕਰਨ ਲਈ ਕਾਰਵਾਈ ਚਲ ਰਹੀ ਹੈ। ਹਾਲ ਦੀ ਘੜੀ ਕਮਿਸ਼ਨਰ ਦੇ ਅਧਿਕਾਰ ਮੁੱਖ ਸਕੱਤਰ ਪੰਜਾਬ ਸਰਕਾਰ ਵਲੋਂ ਵਰਤੇ ਜਾ ਰਹੇ ਹਨ।